# ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕਤਰ, ਸਕੂਲ ਸਿੱਖਿਆਵਿਭਾਗ, ਪੰਜਾਬ।
## ਪੀ.ਐਸ.ਈ.ਬੀ.ਕੰਪਲੈਕਸ, ਈ-ਬਲਾਕ, ਪੰਜਵੀਂਮੰਜਿਲ, ਫੇਜ-8, ਐਸ.ਏ.ਐਸ ਨਗਰ।
**ਵੈਬ-ਸਾਈਟ:- www.educationrecruitmentboard.com**

---

# ਪਬਲਿਕ ਨੋਟਿਸ

**Society for Promotion of Quality Education for Poor and Meritorious Students of Punjab** ਵੱਲੋਂ ਮੈਟ੍ਰਿਕ ਦੀ ਪ੍ਰੀਖਿਆ ਵਿੱਚ 80 ਪ੍ਰਤੀਸ਼ਤ ਜਾਂ ਉਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਮੈਰੀਟੋਰੀਅਸ ਵਿਦਿਆਰਥੀਆਂ ਲਈ ਵਿਸ਼ੇਸ਼ ਸਕੂਲ 11ਵੀਂ ਅਤੇ 12ਵੀਂ ਜਮਾਤ ਲਈ ਖੋਲੇ ਜਾਣ ਵਾਲੇ ਸੀਨੀਅਰ ਸੈਕੰਡਰੀ ਰੈਜੀਡੈਂਸੀਅਲ ਸਕੂਲ ਫਾਰ ਮੈਰੀਟੋਰੀਅਸ ਸਟੂਡੈਂਟਸ, ਵਿੱਚ ਸਟਾਫ ਦਾ ਪ੍ਰਬੰਧ ਕਰਨ ਸਬੰਧੀ ਨਿਰੋਲ ਠੇਕੇ ਦੇ ਆਧਾਰ ਤੇ ਭਰਤੀ ਕਰਨ ਲਈ ਯੋਗ ਉਮੀਦਵਾਰਾਂ ਪਾਸੋਂ ਵਿਭਾਗ ਦੀ ਵੈਬ-ਸਾਈਟ ਤੇ ਮਿਤੀ 20-05-2014 ਤੱਕ ਆਨ-ਲਾਈਨ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ।ਵਿਗਿਆਪਨ ਵਿੱਚ ਦਰਸਾਏ ਗਏ ਚੋਣ ਕਰਾਈਟੇਰੀਏ ਅਨੁਸਾਰ ਪ੍ਰਿੰਸੀਪਲ ਦੀ ਆਸਾਮੀ ਲਈ ਸਾਰੇ ਉਮੀਦਵਾਰਾਂ ਅਤੇ ਜਿਹੜੇ ਉਮੀਦਵਾਰਾਂ ਨੇ ਵਿਭਾਗ ਵੱਲੋਂ ਮਿਤੀ 15-06-2014 ਨੂੰ ਲਿਆ ਗਿਆ ਸਕਰੀਨਿੰਗ ਟੈਸਟ ਪਾਸ ਕੀਤਾ ਹੈ।ਉਹਨਾਂ ਉਮੀਦਵਾਰਾਂ ਨੂੰ ਪ੍ਰੋਵੀਜ਼ਨਲ ਮੈਰਿਟ ਦੇ ਅਧਾਰ ਤੇ ਵੈਬ-ਸਾਈਟ ਤੇ ਪਾਈ ਗਈ ਵੱਖ-ਵੱਖ ਵਿਸ਼ਿਆਂ ਦੀ ਲਿਸਟ ਅਨੁਸਾਰ ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਮਿਤੀ 18-06-2014 ਤੋਂ 20-06-2014 ਤੱਕ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ, 3ਬੀ-1,ਐਸ.ਏ.ਐਸ ਨਗਰ ਵਿਖੇ ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਸੱਦਾ ਦਿੱਤਾ ਜਾਂਦਾ ਹੈ।ਬਿਨੈਕਾਰ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕੀ ਫੋਟੋ ਕਾਪੀਆਂ ਦਾ ਇਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4ਫੋਟੋਆਂ, ਜਮ੍ਹਾਂ ਕਰਵਾਈ ਫੀਸ ਦਾ ਸਬੂਤ ਅਤੇ ਇੰਟਰਨੈਂਟ ਰਾਹੀਂ ਡਾਊਨ ਲੋਡ ਕੀਤਾ ਰਜਿਸਟ੍ਰੇਸ਼ਨ ਫਾਰਮ ਦਾ ਸਬੂਤ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋ ਕਾਪੀਆਂ ਵੱਖੋ ਵੱਖਰੀਆਂ ਫਾਈਲਾਂ ਵਿੱਚ ਲੈ ਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

| ਲੜੀਨੰ | ਮਿਤੀ | ਵੇਰਵੇ |
|---|---|---|
| 1. | 18-06-2014 | 1. ਪ੍ਰਿੰਸੀਪਲ ਦੀ ਆਸਾਮੀ ਲਈ ਸਾਰੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨੁਸਾਰ।<br>2. ਲੈਕਚਰਾਰ : ਅੰਗਰੇਜੀ, ਪੰਜਾਬੀ, ਹਿਸਾਬ, ਆਸਾਮੀ ਲਈ ਸਾਰੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨਸਾਰ। |
| 2. | 19-06-2014 | ਲੈਕਚਰਾਰ : ਫਿਜਿਕਸ, ਕਮਿਸਟਰੀ, ਕਾਮਰਸ, ਬਾਇਓਲੋਜੀ ਅਤੇ ਡੀ.ਪੀ.ਈ ਆਸਾਮੀ ਲਈ ਸਾਰੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨਸਾਰ। |
| 3. | 20-06-2014 | ਉਪਰੋਕਤ ਮਿਤੀ 18-06-2014 ਅਤੇ 19-06-2014 ਨੂੰ ਜੇਕਰ ਕੋਈ ਉਮੀਦਵਾਰ ਕਿਸੇ ਕਾਰਨ ਗੈਰਹਾਜਰ ਹੋ ਜਾਂਦਾ ਹੈ ਤਾਂ ਉਸ ਉਮੀਦਵਾਰ ਨੂੰ ਮਿਤੀ 20-06-2014 ਨੂੰ ਅਸਲ ਦਸਤਾਂਵੇਜਾਂ ਦੀ ਸਕਰੂਟਨੀ ਕਰਨ ਲਈ ਦੁਬਾਰਾ ਆਖਰੀ ਮੌਕਾ ਦਿੱਤਾ ਜਾਵੇਗਾ। |

ਨੋਟ :- ਅਸਲ ਦਸਤਾਵੇਜ਼ਾਂ ਦੀ ਸਕਰੂਟਨੀ ਕਰਨ ਉਪਰੰਤ ਯੋਗ ਪਾਏ ਗਏ ਪ੍ਰਿੰਸੀਪਲ, ਲੈਕਚਰਾਰ ਅਤੇ ਡੀ.ਪੀ.ਈ ਦੀ ਇੰਟਰਵਿਊ ਮਿਤੀ 21-06-2014 ਤੋਂ 23-06-2014 ਤੱਕ ਹੋਵੇਗੀ। ਯੋਗ ਉਮਦੀਵਾਰਾਂ ਦੀ ਲਿਸਟ ਅਤੇ ਸਡਿਊਲ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕੀਤਾ ਜਾਵੇਗਾ।

1. ਉਮੀਦਵਾਰਾਂ ਦੀ ਇਹ ਪਹਿਲੀ ਅਤੇ ਅੰਤਿਮ ਦਸਤਾਵੇਜਾਂ ਦੀ ਸਕਰੂਟਨੀ ਹੋਵੇਗੀ। ਇਸ ਤੋ ਬਾਅਦ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਉਮੀਦਵਾਰ ਨੂੰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ।
2. ਕਿਸੇ ਵੀ ਉਮੀਦਵਾਰ ਵੱਲੋ ਦਸਤਾਵੇਜਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
3. ਦਸਤਾਵੇਜਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ ਅਤੇ ਲਏ ਜਾਣਗੇ। ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।
4. ਦਸਤਾਵੇਜਾਂ ਦੀ ਸਕਰੂਟਨੀ ਲਈ ਗਠਿਤ ਸਬ ਕਮੇਟੀਆਂ ਵਲੋਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ,ਤਾਂ ਉਹਨਾਂ ਦੀ ਪਾਤਰਤਾ ਉਸ ਸਮੇਂ ਰੱਦ ਕਰਦਿੱਤੀ ਜਾਵੇਗੀ।
6. **www.educationrecruitmentboard.com** ਦੀ ਵੈਬ ਸਾਈਟ ਤੇ ਸਕਰੂਟਨੀਫਾਰਮ, ਸਵੈ-ਘੋਸਣਾ ਪੱਤਰ ਅਤੇ ਕਰਾਈਟੀਰੀਈਆ ਪਾ ਦਿੱਤਾ ਗਿਆ ਹੈ ਸਕਰੂਟਨੀ ਫਾਰਮ ਅਤੇ ਸਵੈ-ਘੋਸਣਾ ਪੱਤਰ ਦਸਤਾਵੇਜਾਂ ਦੀ ਸਕਰੂਟਨੀ ਵਾਲੇ ਦਿਨਉਮੀਦਵਾਰ ਪਹਿਲਾਂ ਹੀ ਭਰ ਕੇ ਲਿਆਉਣ।
7. ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ/ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ.ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।
8. ਸਾਰੇ ਦਸਤਾਵੇਜਾਂ ਦੀਆਂ ਫੋਟੋਕਾਪੀਆਂ ਇੱਕ ਹੀ ਸਾਈਜ ਦੇ ਪੇਪਰਾਂ ਉਪਰ ਸਾਫ, ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਪੇਜ ਨੰਬਰ ਲਗਾ ਕੇ ਫਾਈਲ ਵਿੱਚ ਲਗਾਏ ਜਾਣ।
9. ਸਾਰੇ ਅਸਲ ਦਸਤਾਵੇਜ ਵੀ ਤਰਤੀਬ ਵਾਰ ਪੜਤਾਲ ਫਾਰਮ ਅਨੁਸਾਰ ਫਾਈਲ ਵਿੱਚ ਲਗਾਏ ਜਾਣ।

17/6/14

ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਬੋਰਡ।